GENERATION NEW ERA

A STUDY OF CHILDREN BORN IN THE 2020s

Ipsos

ਜੇ ਤੁਹਾਨੂੰ ਵੱਡੇ ਅੱਖਰਾਂ ਵਿੱਚ ਛਪਾਈ ਦੀ ਲੋੜ ਹੈ, ਤਾਂ ਸਾਨੂੰ ਮੁਫ਼ਤ ਵਿੱਚ ਇੱਥੇ ਫ਼ੋਨ ਕਰੋ
0800 151 0610 ਜਾਂ
gnestudy@ipsos.com 'ਤੇ ਈਮੇਲ ਕਰੋ

# ਤੁਹਾਨੂੰ ਨਵੇਂ ਯੁੱਗ ਦੀ ਪੀੜ੍ਹੀ (GENERATION NEW ERA) ਦਾ ਹਿੱਸਾ ਬਣਨ ਲਈ ਸੱਦਾ ਦਿੱਤਾ ਜਾਂਦਾ ਹੈ

ਪਿਆਰੇ ਮਾਤਾ/ਪਿਤਾ,

ਅਸੀਂ ਤੁਹਾਨੂੰ **ਨਵੇਂ ਯੁੱਗ ਦੀ ਪੀੜ੍ਹੀ** (GENERATION NEW ERA) **ਦਾ ਹਿੱਸਾ ਬਣਨ** ਲਈ ਸੱਦਾ ਦੇਣ ਵਾਸਤੇ ਇਹ ਚਿੱਠੀ ਲਿਖ ਰਹੇ ਹਾਂ – ਜੋ ਕਿ 2022 ਵਿੱਚ ਪੈਦਾ ਹੋਏ ਕਈ ਹਜ਼ਾਰਾਂ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਦਾ ਇੱਕ ਨਵਾਂ ਅਧਿਐਨ ਹੈ। ਤੁਹਾਨੂੰ ਸ਼ਾਇਦ ਯਾਦ ਹੋਵੇਗਾ ਕਿ ਤੁਹਾਨੂੰ ਕੁਝ ਮਹੀਨੇ ਪਹਿਲਾਂ ਸਾਡੇ ਵੱਲੋਂ ਇੱਕ ਚਿੱਠੀ ਮਿਲੀ ਸੀ।

ਨਵੇਂ ਯੁੱਗ ਦੀ ਪੀੜ੍ਹੀ (GENERATION NEW ERA) 20 ਸਾਲਾਂ ਤੋਂ ਵੱਧ ਸਮੇਂ ਲਈ ਆਪਣੀ ਕਿਸਮ ਦਾ ਪਹਿਲਾ ਯੂਕੇ-ਵਿਆਪੀ ਅਧਿਐਨ ਹੈ। ਇਸਦਾ ਉਦੇਸ਼ ਆਪਣੀ ਹੀ ਕਿਸਮ ਦੀ ਇਸ ਪੀੜ੍ਹੀ ਦੇ ਜੀਵਨ 'ਤੇ ਨਜ਼ਰ ਰੱਖਣਾ ਹੈ ਜਿਵੇਂ-ਜਿਵੇਂ ਇਹ ਬੱਚੇ ਸਾਡੇ ਬਦਲ ਰਹੇ ਸੰਸਾਰ ਵਿੱਚ ਵੱਡੇ ਹੁੰਦੇ ਹਨ। ਬੱਚਿਆਂ ਦੀ ਸਿਹਤ ਅਤੇ ਵਿਕਾਸ ਵਿੱਚ ਮਹੱਤਵਪੂਰਨ ਨਵੀਂ ਸਮਝ ਪ੍ਰਦਾਨ ਕਰਕੇ, ਨਵੇਂ ਯੁੱਗ ਦੀ ਪੀੜ੍ਹੀ (GENERATION NEW ERA) ਅਧਿਐਨ ਯੂਕੇ ਵਿੱਚ ਬੱਚਿਆਂ ਅਤੇ ਪਰਿਵਾਰਾਂ ਦੇ ਜੀਵਨ ਵਿੱਚ ਸੁਧਾਰ ਲਿਆਉਣ ਵਿੱਚ ਖੋਜਕਰਤਾਵਾਂ, ਸਰਕਾਰਾਂ ਅਤੇ ਸੇਵਾ ਪ੍ਰਦਾਤਾਵਾਂ ਦੀ ਮਦਦ ਕਰੇਗਾ।

**ਤੁਹਾਡੇ ਪਰਿਵਾਰ ਕੋਲ ਇਸ ਮਹੱਤਵਪੂਰਣ ਵਿਗਿਆਨਕ ਰਿਸਰਚ ਦਾ ਹਿੱਸਾ ਬਣਨ ਦਾ ਮੌਕਾ ਹੈ, ਜਿਸ ਤੋਂ ਆਉਣ ਵਾਲੇ ਕਈ ਸਾਲਾਂ ਤਕ ਪਰਿਵਾਰਾਂ ਅਤੇ ਬੱਚਿਆਂ ਦੇ ਜੀਵਨ ਨੂੰ ਫ਼ਾਇਦਾ ਮਿਲੇਗਾ।**

ਤੁਹਾਡੇ ਪਰਿਵਾਰ ਨੂੰ ਸਰਕਾਰੀ ਵਿਭਾਗਾਂ ਅਤੇ ਜਨ ਸਿਹਤ ਏਜੰਸੀਆਂ ਕੋਲ ਪਏ ਜਨਮ ਰਿਕਾਰਡਾਂ ਤੋਂ ਬੇਤਰਤੀਬੇ ਢੰਗ ਨਾਲ ਚੁਣਿਆ ਗਿਆ ਸੀ। ਇਹਨਾਂ ਸੰਸਥਾਵਾਂ ਨੇ ਨਵੇਂ ਯੁੱਗ ਦੀ ਪੀੜ੍ਹੀ (Generation New Era) ਨੂੰ ਤੁਹਾਡਾ ਨਾਮ, ਪਤਾ ਅਤੇ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਵਾਧੂ ਜਾਣਕਾਰੀ ਮੁਹੱਈਆ ਕਰਾਈ ਸੀ / ਅਸੀਂ ਇੱਕ **ਕਿਤਾਬਚਾ** ਨੱਥੀ ਕੀਤਾ ਹੈ ਜੋ ਇਸ ਅਧਿਐਨ ਬਾਰੇ ਤੁਹਾਡੀ ਗਾਈਡ ਹੈ।

ਨਵੇਂ ਯੁੱਗ ਦੀ ਪੀੜ੍ਹੀ (Generation New Era) ਦੀ ਅਗਵਾਈ ਯੂਨੀਵਰਸਿਟੀ ਕਾਲਜ ਲੰਡਨ ਵਿਖੇ ਸੈਂਟਰ ਫ਼ਾਰ ਲੌਂਗਿਚੂਡਿਨਲ ਸਟੱਡੀਜ਼ ਦੁਆਰਾ ਕੀਤੀ ਜਾਂਦੀ ਹੈ। ਇੱਕ ਸੁਤੰਤਰ ਰਿਸਰਚ ਸੰਸਥਾ, Ipsos, ਸਾਡੀ ਤਰਫ਼ੋਂ ਇਹ ਜਾਣਕਾਰੀ ਇਕੱਠੀ ਕਰ ਰਹੀ ਹੈ। ਇਸਦਾ ਭੁਗਤਾਨ ਆਰਥਿਕ ਅਤੇ ਸਮਾਜਕ ਰਿਸਰਚ ਕੌਂਸਲ ਦੁਆਰਾ ਕੀਤਾ ਜਾਂਦਾ ਹੈ।

## ਹਿੱਸਾ ਲੈਣ ਵਿੱਚ ਕੀ ਕੁਝ ਸ਼ਾਮਲ ਹੁੰਦਾ ਹੈ?

ਅਸੀਂ ਮਾਪਿਆਂ ਦੀ ਰਾਏ ਜਾਣਨਾ ਚਾਹੁੰਦੇ ਹਾਂ ਤਾਂ ਜੋ ਹਰ ਬੱਚੇ ਦੇ ਜੀਵਨ ਦੀ ਇੱਕ ਪੂਰੀ ਤਸਵੀਰ ਬਣਾਉਣ ਵਿੱਚ ਮਦਦ ਮਿਲ ਸਕੇ। ਅਸੀਂ ਮਾਂ ਜਾਂ ਪਿਤਾ ਵਿੱਚੋਂ ਇੱਕ ਨੂੰ ਸੱਦਾ ਦੇਵਾਂਗੇ, ਆਮ ਤੌਰ 'ਤੇ ਜੋ ਵੀ ਬੱਚੇ ਨਾਲ ਜ਼ਿਆਦਾਤਰ ਸਮਾਂ ਬਿਤਾਉਂਦਾ ਹੈ, ਜੋ ਇੰਟਰਵਿਊ ਲੈਣ ਵਾਲੇ ਨਾਲ ਵਿਅਕਤੀਗਤ ਰੂਪ ਵਿੱਚ 60-ਮਿੰਟ ਦੀ ਇੰਟਰਵਿਊ ਨੂੰ ਪੂਰਾ ਕਰੇਗਾ। ਅਸੀਂ ਮਾਂ ਜਾਂ ਪਿਤਾ ਵਿੱਚੋਂ ਦੂਜੇ ਜਣੇ ਨੂੰ 30-40 ਮਿੰਟ ਦੀ ਇੱਕ ਵੱਖਰੀ ਇੰਟਰਵਿਊ ਪੂਰੀ ਕਰਨ ਲਈ ਕਹਾਂਗੇ, ਜੋ ਵਿਅਕਤੀਗਤ ਰੂਪ ਵਿੱਚ ਕੀਤੀ ਜਾ ਸਕਦੀ ਹੈ ਜਾਂ ਆਨਲਾਈਨ ਵੀ। ਇੰਟਰਵਿਊ ਵਿੱਚ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਕੁਝ ਸਵਾਲਾਂ ਦੇ ਜਵਾਬ ਦੇਣਾ ਸ਼ਾਮਲ ਹੈ।

ਅਸੀਂ ਉਹਨਾਂ ਮਾਂਵਾਂ ਜਾਂ ਪਿਤਾਵਾਂ ਨੂੰ ਸ਼ਾਮਲ ਕਰਨਾ ਚਾਹਵਾਂਗੇ ਜੋ ਆਪਣੇ ਬੱਚੇ ਦੇ ਪਿਤਾ ਜਾਂ ਮਾਂ ਤੋਂ ਅਲੱਗ ਰਹਿੰਦੇ ਹਨ, ਆਪਣੇ ਬੱਚੇ ਨਾਲ ਉਹਨਾਂ ਦਾ ਲਗਾਅ ਭਾਵੇਂ ਜਿਹੋ ਜਿਹਾ ਮਰਜ਼ੀ ਹੋਵੇ। ਅਸੀਂ ਹਰ ਮਾਂ ਜਾਂ ਪਿਤਾ ਨੂੰ ਭਾਗ ਲੈਣ ਵਾਸਤੇ ਸੱਦਾ ਦੇਣ ਲਈ, ਜੇ ਉਪਲਬਧ ਹੋਇਆ ਤਾਂ, ਜਨਮ ਦੇ

ਰਿਕਾਰਡਾਂ ਤੋਂ ਜਾਣਕਾਰੀ ਦਾ ਇਸਤੇਮਾਲ ਕਰਾਂਗੇ। ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਡੇ ਬੱਚੇ ਦੀ ਮਾਂ ਜਾਂ ਪਿਤਾ ਨਾਲ ਅੱਗੇ ਕੋਈ ਹੋਰ ਸੰਪਰਕ ਨਾ ਕਰੀਏ ਜਾਂ ਜੇ ਤੁਹਾਨੂੰ ਇਸ ਬਾਰੇ ਕੋਈ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ ਸਾਡੇ ਨਾਲ ਇਸ ਚਿੱਠੀ ਦੇ ਅਖੀਰ ਵਿੱਚ ਦਿੱਤੇ ਸੰਪਰਕ ਵੇਰਵਿਆਂ ਦੇ ਜ਼ਰੀਏ ਸੰਪਰਕ ਕਰੋ।

ਇੰਟਰਵਿਊ ਕੀਤੇ ਗਏ ਹਰੇਕ ਮਾਂ ਜਾਂ ਪਿਤਾ ਨੂੰ, ਉਹਨਾਂ ਵੱਲੋਂ ਕੱਢੇ ਗਏ ਸਮੇਂ ਲਈ ਸ਼ੁਕਰਾਨੇ ਦੇ ਰੂਪ ਵਿੱਚ ਇੱਕ ਵਾਊਚਰ ਮਿਲੇਗਾ। ਇੰਟਰਵਿਊ ਅੰਗ੍ਰੇਜ਼ੀ ਤੋਂ ਇਲਾਵਾ ਹੋਰਨਾਂ ਭਾਸ਼ਾਵਾਂ ਵਿੱਚ ਕੀਤੀ ਜਾ ਸਕਦੀ ਹੈ। ਹਿੱਸਾ ਲੈਣਾ ਪੂਰੀ ਤਰ੍ਹਾਂ ਤੁਹਾਡੇ 'ਤੇ ਨਿਰਭਰ ਕਰਦਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਇਸ ਮਹੱਤਵਪੂਰਨ ਰਿਸਰਚ ਦਾ ਹਿੱਸਾ ਬਣਨ ਦਾ ਫ਼ੈਸਲਾ ਕਰੋਗੇ ਅਤੇ ਇਸ ਇੰਟਰਵਿਊ ਦਾ ਅਨੰਦ ਮਾਣੋਗੇ।

ਉਮੀਦ ਕਰਦੇ ਹਾਂ ਕਿ ਅਸੀਂ ਤੁਹਾਨੂੰ ਇਹ ਪਤਾ ਲਗਾਉਣ ਲਈ ਹਰ ਕੁਝ ਸਾਲਾਂ ਵਿੱਚ ਹਿੱਸਾ ਲੈਣ ਲਈ ਸੱਦਾ ਦਿਆਂਗੇ ਕਿ ਜਿਵੇਂ-ਜਿਵੇਂ ਤੁਹਾਡਾ ਬੱਚਾ ਵੱਡਾ ਹੋ ਰਿਹਾ ਹੈ, ਉਹ ਕਿਵੇਂ ਵੱਧ-ਫੁਲ ਰਿਹਾ ਹੈ। ਇਸ ਦਾ ਫ਼ੈਸਲਾ ਹਮੇਸ਼ਾ ਤੁਹਾਡੇ 'ਤੇ ਨਿਰਭਰ ਕਰੇਗਾ ਕਿ ਕੀ ਤੁਸੀਂ ਭਾਗ ਲੈਣਾ ਹੈ ਜਾਂ ਨਹੀਂ।

## ਅੱਗੇ ਕੀ ਹੋਵੇਗਾ?

Ipsos ਤੋਂ ਪੂਰੀ ਤਰ੍ਹਾਂ ਟ੍ਰੇਨਿੰਗ ਪ੍ਰਾਪਤ ਇੰਟਰਵਿਊ ਲੈਣ ਵਾਲਾ ਵਿਅਕਤੀ ਇਹ ਜਾਣਨ ਲਈ ਤੁਹਾਡੇ ਪਤੇ 'ਤੇ ਕਾਲ ਕਰੇਗਾ ਕਿ ਕੀ ਤੁਸੀਂ ਹਿੱਸਾ ਲੈਣਾ ਚਾਹੁੰਦੇ ਹੋ। ਉਸ ਨੂੰ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਵਿੱਚ ਖੁਸ਼ੀ ਹੋਵੇਗੀ। ਜੇ ਤੁਸੀਂ ਬਾਹਰ ਹੋ ਜਾਂ ਤੁਹਾਡੇ ਲਈ ਇਹ ਉਚਿਤ ਸਮਾਂ ਨਹੀਂ ਹੈ, ਤਾਂ ਇੰਟਰਵਿਊ ਲੈਣ ਵਾਲਾ ਕਿਸੇ ਬਿਹਤਰ ਸਮੇਂ 'ਤੇ ਦੁਬਾਰਾ ਆ ਜਾਵੇਗਾ। ਜੇ ਤੁਸੀਂ ਹਿੱਸਾ ਲੈਣ ਦਾ ਫ਼ੈਸਲਾ ਕਰਦੇ ਹੋ, ਤਾਂ ਇੰਟਰਵਿਊ ਲੈਣ ਵਾਲਾ ਵਿਅਕਤੀ ਇਸ ਦੇ ਲਈ ਕਿਸੇ ਅਜਿਹੇ ਦਿਨ ਅਤੇ

ਸਮੇਂ ਦਾ ਇੰਤਜ਼ਾਮ ਕਰੇਗਾ ਜੋ ਤੁਹਾਡੇ ਲਈ ਸਭ ਤੋਂ ਵਧੀਆ ਢੁਕਦਾ ਹੋਵੇ।

ਕਿਉਂਕਿ ਸਾਡੇ ਕੋਲ ਸਿਰਫ਼ ਤੁਹਾਡਾ ਨਾਮ ਅਤੇ ਪਤਾ ਹੈ, ਇਸ ਕਰਕੇ ਇੰਟਰਵਿਊ ਲੈਣ ਵਾਲਾ ਵਿਅਕਤੀ ਤੁਹਾਨੂੰ ਈਮੇਲ ਜਾਂ ਟੈਕਸਟ ਨਹੀਂ ਕਰ ਸਕਦਾ ਹੈ। ਹਾਲਾਂਕਿ, ਤੁਹਾਨੂੰ ਇਸ ਚਿੱਠੀ ਦੇ ਨਾਲ ਸ਼ਾਮਲ ਕੀਤੇ ਕਾਰਡ 'ਤੇ ਤੁਹਾਡੀ ਇੰਟਰਵਿਊ ਲੈਣ ਵਾਲੇ ਵਿਅਕਤੀ ਬਾਰੇ ਕੁਝ ਵੇਰਵੇ ਮਿਲ ਸਕਦੇ ਹਨ। ਹਾਲਾਂਕਿ, ਤੁਹਾਨੂੰ ਇਸ ਚਿੱਠੀ ਦੇ ਨਾਲ ਸ਼ਾਮਲ ਕੀਤੇ ਕਾਰਡ 'ਤੇ ਤੁਹਾਡੀ ਇੰਟਰਵਿਊ ਲੈਣ ਵਾਲੇ ਵਿਅਕਤੀ ਬਾਰੇ ਕੁਝ ਵੇਰਵੇ ਮਿਲ ਸਕਦੇ ਹਨ।

ਇੰਟਰਵਿਊ ਲੈਣ ਵਾਲੇ ਵਿਅਕਤੀ ਕੋਲ ਉਸ ਦੀ ਫ਼ੋਟੋ ਵਾਲਾ ਇੱਕ ਸ਼ਨਾਖਤੀ ਕਾਰਡ ਹੋਵੇਗਾ।

ਜੇ ਤੁਸੀਂ ਹਿੱਸਾ ਨਾ ਲੈਣ ਨੂੰ ਤਰਜੀਹ ਦਿੰਦੇ ਹੋ, ਤਾਂ ਕਿਰਪਾ ਕਰਕੇ ਇਸ ਚਿੱਠੀ ਦੇ ਅਖੀਰ ਵਿੱਚ ਦਿੱਤੇ ਸੰਪਰਕ ਵੇਰਵਿਆਂ ਦੇ ਜ਼ਰੀਏ ਸਾਨੂੰ ਦੱਸੋ – ਅਸੀਂ ਇੰਟਰਵਿਊ ਲੈਣ ਵਾਲੇ ਨੂੰ ਦੱਸ ਦੇਵਾਂਗੇ ਅਤੇ ਅਸੀਂ ਤੁਹਾਡੇ ਨਾਲ ਕੋਈ ਹੋਰ ਸੰਪਰਕ ਨਹੀਂ ਕਰਾਂਗੇ।

## ਕੋਈ ਸਵਾਲ?

ਅਧਿਐਨ ਬਾਰੇ ਹੋਰ ਜਾਣਨ ਲਈ, ਕਿਰਪਾ ਕਰਕੇ ਇੱਥੇ: gnestudy.info 'ਤੇ ਜਾਓ, ਜਾਂ ਤੁਸੀਂ Ipsos ਵਿਖੇ ਅਧਿਐਨ ਟੀਮ ਨਾਲ ਸਿੱਧਾ ਇੱਥੇ ਸੰਪਰਕ ਕਰ ਸਕਦੇ ਹੋ:

- ਈਮੇਲ: gnestudy@ipsos.com
- ਫ਼੍ਰੀਫ਼ੋਨ: 0800 151 0610
- Freepost IPSOS GNE STUDY

ਮਦਦ ਲਈ ਤੁਹਾਡਾ ਧੰਨਵਾਦ। ਸਾਨੂੰ ਬੜੀ ਉਮੀਦ ਹੈ ਕਿ ਤੁਸੀਂ ਇਸ ਇਤਿਹਾਸਕ ਅਧਿਐਨ ਦਾ ਹਿੱਸਾ ਬਣਨ ਦਾ ਫ਼ੈਸਲਾ ਕਰੋਗੇ।

ਸ਼ੁਭਚਿੰਤਕ,

**ਪ੍ਰੋਫ਼ੈਸਰ ਅਲੀਸਾ ਗੁੱਡਮੈਨ ਸੀਬੀਈ (Professor Alissa Goodman CBE)**
ਅਧਿਐਨ ਨਿਰਦੇਸ਼ਕ, ਯੂਕੇ
ਯੂਨੀਵਰਸਿਟੀ ਕਾਲਜ ਲੰਡਨ